http://www.bsehonline.com/

**CLASS : 12th (Sr. Secondary)** **Code No. 4332**

**Series : SS-M/2019**

ਰੋਲ ਨੰ. | | | | | | | | | | |

***SET : A***

# ਪੰਜਾਬੀ

## PUNJABI

***ACADEMIC/OPEN***

(Only for Fresh/Re-appear Candidates)

*ਸਮਾਂ : **3** ਘੰਟੇ ]* *[ ਕੁਲ ਅੰਕ : **80***

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖ਼ਿਆ **7** ਅਤੇ ਪ੍ਰਸ਼ਨ **12** ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ਼ ਪੰਨੇ ਤੇ ਲਿਖ਼ਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖ਼ੋ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖ਼ੋ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



http://www.bsehonline.com/

http://www.bsehonline.com/



***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਕਾਵਿ ਟੋਟਿਆਂ ਵਿੱਚੋਂ ਕਿਸੇ ***ਇੱਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 7

(ੳ) ਸੀਨੇ ਖਿੱਚ ਜਿਨ੍ਹਾਂ ਨੇ ਖਾਧੀ
ਓ ਕਰ ਅਰਾਮ ਨਹੀਂ ਬਹਿੰਦੇ
ਨਿਹੁੰ ਵਾਲੇ ਨੈਣਾਂ ਦੀ ਨੀਂਦਰ ?
ਓ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲਗੀ ਲਈ ਜਾਂਦੀ
ਹੈ ਟੋਰ ਅਨੰਤ ਉਨ੍ਹਾਂ ਦੀ --
ਵਸਲੋਂ ਉਰੇ ਮੁਕਾਮ ਨ ਕੋਈ,
ਸੋ ਚਾਲ ਪਏ ਨਿਤ ਰਹਿੰਦੇ।

(ਅ) ਕਚੀ ਕੰਧ ਮੁਹੱਬਤ ਵਾਲੀ
ਲਿੰਬਿਆ ਅਤੇ ਪੋਚਿਆ ਮੱਥਾ
ਫਿਰ ਵੀ ਇਸ ਦੀ ਵੱਖੀ ਵਿਚੋਂ
ਰਾਤੀ ਇੱਕ ਖਰੇਪੜ ਲੇਥਾ
ਅਸਲੋਂ ਜਿਵੇਂ ਮੁਘਾਰ ਹੋ ਗਿਆ
ਕੰਧ ਦੇ ਉਤੇ ਦਾਗ ਪੈ ਗਿਆ



http://www.bsehonline.com/

http://www.bseonline.com/



**2.** ਹੇਠ ਲਿਖਿਆ ਕਵਿਤਾਵਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਤਾਜ ਮਹਲ

(ਅ) ਧੀ

(ੲ) ਚਿੜੀਆਂ ਦਾ ਚੰਬਾਂ

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਜਲ-ਕਣ ਕਵਿਤਾ ਦਾ ਕੇਂਦਰੀ ਭਾਵ ਕੀ ਹੈ? 2

(ਅ) ਫਨੀਅਰ, ਸ਼ੇਰ, ਬਘਿਆੜ ਕਿਸ ਵੱਖ-ਵੱਖ ਭੈ ਦੇ ਪ੍ਰਤੀਕ ਹਨ? (ਜੰਗਲ ਦੇ ਵਿੱਚ ਰਾਤ ਪਈ ਕਵਿਤਾ ਅਧਾਰ ਤੇ) 2

(ੲ) 'ਖੂਹ ਉਤੇ' ਕਵਿਤਾ ਵਿੱਚ ਕਿਸ ਪ੍ਰਕਾਰ ਦੀ ਜੀਵਨ ਦ੍ਰਿਸਟੀ ਹੈ? 1

(i) ਮੌਜਾ ਕਰਨ ਦੀ (ii) ਵਹਿਲੇ ਰਹਿਣ ਦੀ

(iii) ਅਯਾਸੀ ਦੀ (iv) ਨਿਸ਼ ਪ੍ਰਯੋਜਨ ਅਨੰਦ ਦੀ

(ਸ) ਊਸ਼ਾ ਕਵਿਤਾ ਕਿਸ ਦੀ ਰਚਨਾ ਹੈ : 1

(i) ਬਾਵਾ ਬਲਵੰਤ (ii) ਪ੍ਰੀਤਮ ਸਿੰਘ ਸ਼ਫੀਰ

(iii) ਪਾਸ (iv) ਅੰਮ੍ਰਿਤਾ ਪ੍ਰੀਤਮ

**4.** ਹੇਠ ਲਿਖੇ ਵਾਰਤਕ ਲੇਖਾਂ ਵਿੱਚੋਂ ਕਿਸੇ ***ਇਕ*** ਦਾ ਸਾਰ ਲਿਖੋ : 7

(ੳ) ਕੌਮ ਲਈ ਕੁਰਬਾਨੀ

(ਅ) ਸਾਡੇ ਲੋਕਗੀਤ

(ੲ) ਸ਼ੀਸ਼ੇ ਸਾਹਮਣੇ



http://www.bseonline.com/

http://www.bsehonline.com/



**5.** ਹੇਠ ਲਿਖੇ ਪ੍ਰਸ਼ਨਾਂ ਕੇ ਉੱਤਰ ਲਿਖੋ :

(ੳ) 'ਘਰ ਵਿੱਚ ਹੀ ਗੁਰਿਆਈ' ਲੇਖ ਦੇ ਅੰਤ ਵਿੱਚ ਲੇਖਕ ਕੀ ਸਿੱਟਾ ਕੱਢਦਾ ਹੈ? 3

(ਅ) ਲੇਖਕ ਨੇ ਯੂਰਪ ਦੀਆਂ ਜਮਾਤਾਂ ਦੇ ਸਭਿਆਚਾਰਕ ਪੱਧਰ ਬਾਰੇ ਕੀ ਦੱਸਿਆ ਹੈ (ਸਭਿਅਤਾ ਦੇ ਦੋ ਪੱਧਰ) 2

(ੲ) ਮਲਕ ਭਾਗੋ ਦੇ ਅੰਦਰ ਵਹਿਗੁਰੂ ਸ਼ਬਦ ਕਿਸ ਤਰ੍ਹਾਂ ਟਿਕਿਆ? 2

(ਸ) 'ਪਿਆਰ' ਨਾਮੀ ਨਿਬੰਧ ਕਿਸ ਦੀ ਰਚਨਾ ਹੈ? 1

(i) ਭਾਈ ਵੀਰ ਸਿੰਘ

(ii) ਪ੍ਰੋ. ਪੂਰਨ ਸਿੰਘ

(iii) ਅੰਮ੍ਰਿਤਾ ਪ੍ਰੀਤਮ

(iv) ਪ੍ਰੋ. ਮੋਹਨ ਸਿੰਘ

**6.** 'ਸ਼ੋਭਾ ਸਕਤੀ' ਨਾਟਕ ਦਾ ਵਿਸ਼ਾ ਵਸਤੂ ਕੀ ਹੈ? 7

**ਜਾਂ**

ਰਮੇਸ ਜਾਂ ਦੀਨ ਦਿਆਲ ਕਪੂਰ ਦਾ ਪਾਤਰ ਚਿੱਤਰਣ ਕਰੋ।

**7.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਤੀਜਾ ਨਾਟ ਅਰੰਭ ਹੋਣ ਤੇ ਪਹਿਲੀ ਰਾਤ ਨੂੰ ਕੰਵਲ ਨੇ ਆਪਣੀ ਮਾਂ ਸ਼ੋਭਾ ਨੂੰ ਕੀ ਕਿਹਾ ਸੀ? (ਸ਼ੋਭਾ ਸਕਤੀ) 3

(ਅ) ਰਮੇਸ ਸ਼ੋਭਾ ਉੱਤੇ ਕੀ ਦੋਸ਼ ਲਾਉਂਦੀ ਹੈ? 2

(ੲ) ਤੀਜੇ ਨਾਟ ਦੇ ਅਰੰਭ ਸਮੇਂ ਸ਼ੋਭਾ ਕਿਹੋ ਜਿਹੀ ਵਿਖਾਈ ਦਿੰਦੀ ਹੈ? 2



http://www.bsehonline.com/

http://www.bsehonline.com/



(ਸ) ਨਾਟਕ ਦੇ ਪਹਿਲੇ ਅਤੇ ਤੀਸਰੇ ਨਾਟ ਵਿੱਚ ਕਿੰਨੇ ਸਾਲਾਂ ਦਾ ਅੰਤਰ ਹੈ? 1

(i) ਪੰਕਰਾਂ ਸਾਲ (ii) ਅਠਾਹਰਾਂ ਸਾਲ

(iii) ਵੀਹ ਸਾਲ (iv) ਚੌਦਾਂ ਸਾਲ

**ਭਾਗ – (ਅ)**

**8.** ਹੇਠ ਲਿਖੇ ਸਾਹਿਤਕਾਰਾਂ ਵਿੱਚੋ ਕਿਸੇ ***ਇੱਕ*** ਦੇ ਜੀਵਨ ਅਤੇ ਰਚਨਾਵਾਂ ਬਾਰੇ ਜਾਣਕਾਰੀ ਦਿਉ : 7

(ੳ) ਗੁਰੂ ਅਰਜਨ ਦੇਵ ਜੀ

(ਅ) ਦਮੋਦਰ

**9.** ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ :

(i) ਸੰਤ ਕਵੀ ਕਿਸ ਨੂੰ ਕਿਹਾ ਜਾਂਦਾ ਹੈ? 1

(ੳ) ਭਾਈ ਵੀਰ ਸਿੰਘ (ਅ) ਪ੍ਰੋ. ਪੂਰਨ ਸਿੰਘ

(ੲ) ਪ੍ਰੋ. ਸਾਹਿਬ ਸਿੰਘ (ਸ) ਪ੍ਰੋ. ਮੋਹਨ ਸਿੰਘ

(ii) 'ਸਾਵੇ-ਪੱਤਰ' ਕਾਵਿ ਸੰਗ੍ਰਿਹ ਕਿਸ ਦੀ ਰਚਨਾ ਹੈ? 1

(ੳ) ਅੰਮ੍ਰਿਤਾ ਪ੍ਰੀਤਮ

(ਅ) ਪ੍ਰੋ. ਮੋਹਨ ਸਿੰਘ

(ੲ) ਭਾਈ ਵੀਰ ਸਿੰਘ

(ਸ) ਪ੍ਰੋ. ਪੂਰਨ ਸਿੰਘ



http://www.bsehonline.com/

http://www.bsehonline.com/



(iii) 'ਬਲਵੰਤ ਗਾਰਗੀ' ਨੇ ਸਾਹਿਤ ਦੇ ਕਿਸ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ? 1

(ੳ) ਕਵਿਤਾ ਖੇਤਰ

(ਅ) ਕਹਾਣੀ ਖੇਤਰ

(ੲ) ਨਾਟਕ ਖੇਤਰ

(ਸ) ਵਾਰਤਕ ਖੇਤਰ

**10.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ***ਇੱਕ ਸ਼ਬਦ*** ਜਾਂ ***ਇਕ ਵਾਕ*** ਵਿੱਚ ਲਿਖੋ : $1 \times 10 = 10$

(ੳ) ਪੰਜਾਬੀ ਵਿੱਚ ਜੌਹਨ ਕੀਟਸ ਦੀ ਉਪਾਧੀ ਕਿਸ ਲੇਖਕ ਨੂੰ ਮਿਲੀ ਹੈ।

(ਅ) ਸਭ ਤੋਂ ਪਹਿਲਾ ਕਾਫੀ ਕਾਵਿ ਰੂਪ ਦੀ ਵਰਤੋਂ ਕਿਸ ਸ਼ੂਫੀ ਕਵੀ ਨੇ ਕੀਤੀ?

(ੲ) ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਸ ਨੂੰ ਕਿਹਾ ਜਾਂਦਾ ਹੈ?

(ਸ) ਪ੍ਰੋ. ਪੂਰਨ ਸਿੰਘ ਦਾ ਜਨਮ ਕਦੋਂ ਹੋਇਆ ਸੀ?

(ਹ) ਪ੍ਰੋ. ਮੋਹਨ ਸਿੰਘ ਦੇ ਮਹਾਕਾਵਿ ਦਾ ਨਾਂ ਦੱਸੋ?

(ਕ) 'ਪਿਆਰ ਕਬਜਾ ਨਹੀ ਪਹਿਚਾਣ ਹੈ' ਦੇ ਸਿਧਾਂਤ ਦੇ ਅਧਾਰ ਤੇ ਕਿਸ ਲੇਖਕ ਨੇ ਲਿਖਿਆ ਹੈ?

(ਖ) 'ਕਣਕ ਦੀ ਬੱਲੀ ਨਾਟਕ' ਕਿਸ ਦੀ ਰਚਨਾ ਹੈ?

(ਗ) ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ ਦਾ ਨਾਂ ਕੀ ਹੈ?

(ਘ) 'ਹਿੰਦ ਦੀ ਚਾਦਰ' ਨਾਟਕ ਦੇ ਲੇਖਕ ਦਾ ਨਾਂ ਦੱਸੋਂ।

(ਙ) ਅਜੀਤ ਕੌਰ ਦਾ ਜਨਮ ਕਦੋਂ ਹੋਇਆ?



http://www.bsehonline.com/

http://www.bsehonline.com/



**11.** ਹੇਠ ਲਿਖਿਆ ਸਿੱਖਿਆਵਾਂ ਵਿੱਚੋ ਕਿਸੇ ***ਇੱਕ*** ਸਿੱਖਿਆ ਤੇ ਅਧਾਰਿਤ ਕਹਾਣੀ ਲਿਖੋ : 5

(ੳ) ਸਹਿਜ ਪੱਕੇ ਸੋ ਮੀਠਾ ਹੋਏ

(ਅ) ਜਿਥੇ ਚਾਹ ਉਥੇ ਰਾਹ

**12.** ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਢੁਕਵੇਂ ਸਿਰਲੇਖ ਸਹਿਤ ਲਿਖੋ : 5

ਬੱਚੇ ਨੂੰ ਮਰਯਾਦਾ ਦਾ ਸਬਕ ਦੇਣਾ ਬੜੀ ਸਿਆਣਪ ਮੰਗਦਾ ਹੈ। ਬੱਚੇ ਦੀ ਫਿਤਰਤ ਮਰਯਾਦਾ ਦੇ ਵਿਰੁੱਧ ਹੁੰਦੀ ਹੈ। ਜਦੋਂ ਮਾਪੇ ਉਸ ਦੀ ਫਿਤਰਤ ਦੇ ਵਿਰੁੱਧ ਬੇ-ਮੇਚੀ ਸਿਖਿਆ ਦਿੰਦੇ ਹਨ, ਤਾਂ ਬੱਚੇ ਝੂਠ ਬੋਲਣ, ਚੋਰੀ ਕਰਨ, ਚੀਜਾ ਲੁਕਾਉਣ, ਤੋੜਨ ਤੇ ਗਵਾਉਣ ਦੀ ਰੁਚੀ ਬਗਾਵਤ ਦੇ ਤੌਰ ਉੱਤੇ ਜਾਗਦੀ ਹੈ। ਸਿਆਣੇ ਮਾਪੇ ਇਸ ਰੁਚੀ ਨੂੰ ਤਾੜਦੇ ਰਹਿੰਦੇ ਹਨ ਤੇ ਇਹੋ ਜਿਹੇ ਤਰੀਕੇ ਨਾਲ ਮਰਯਾਦਾ ਸਿਖਾਉਂਦੇਂ ਹਨ ਕਿ ਉਹ ਬਾਗੀ ਨਾ ਹੋ ਜਾਵੇ। ਇਨਸਾਨ ਦਾ ਬੱਚਾ ਵੀ ਸੁਰੂ ਵਿੱਚ ਨਿਰਾ ਵਹਿਸੀ ਹੁੰਦਾ ਹੈ। ਕੁੱਤਿਆ, ਬਿੱਲਿਆ, ਸ਼ੇਰਾਂ, ਚਿਤਿਆ ਨੂੰ ਹੌਲੀ ਹੌਲੀ ਸਿਆਣਪ ਨਾਲ ਮਰਯਾਦਾ ਸਿਖਾਈ ਜਾਂਦੀ ਜਾ ਸਕਦੀ ਹੈ। ਹੂ-ਬ-ਹੂ ਉਸੇ ਤਰ੍ਹਾਂ ਇਨਸਾਨ ਦੇ ਬੱਚੇ ਨਾਲ ਕਰਨਾ ਜਰੂਰੀ ਹੈ। ਬੱਚਾ ਵੀ ਹਰ ਬੰਧਨ, ਮਰਯਾਦਾ ਦੇ ਸੁਭਾਵਿਕ ਖਿਲਾਫ਼ ਹੁੰਦਾ ਹੈ। ਇਸ ਦੀ ਵਹਿਸ਼ਤ ਦਾ ਸਤਿਕਾਰ ਕਰਦੇ ਬੜੇ ਸਬਰ ਨਾਲ ਵਾਰ-ਵਾਰ ਕੋਸ਼ਿਸ ਕਰ ਕੇ ਹੀ ਮਰਯਾਦਾ ਸਿਖਾਈ ਜਾ ਸਕਦੀ ਹੈ।



http://www.bsehonline.com/